੧ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 02-03-2024 (19 ਫੱਗਣ ਸੰਮਤ ਨਾਨਕਸ਼ਾਹੀ 555) ਦੇ ਮਤਾ ਨੰਬਰ 245 ਦੀ ਨਕਲ :-**

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਿਛਲੇ ਸਮੇਂ ਦੌਰਾਨ ਇੱਕ ਵਿਅਕਤੀ ਵੱਲੋਂ ਸੱਚਖੰਡ ਦੇ ਅੰਦਰ ਜੰਗਲਾ ਟੱਪ ਕੇ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਸਮੇਂ ਡਿਊਟੀ ਕਰ ਰਹੇ ਸਟਾਫ ਨੇ ਆਪਣੀ ਡਿਊਟੀ ਬਾਖੂਬੀ ਨਿਭਾਉਂਦਿਆਂ ਦੋਸ਼ੀ ਨੂੰ ਮੌਕੇ ਤੇ ਕਾਬੂ ਕਰ ਲਿਆ ਸੀ, ਤੇ ਉਸ ਨੂੰ ਕਿਸੇ ਪ੍ਰਕਾਰ ਦੀ ਸ਼ਰਾਰਤ ਕਰਨ ਦਾ ਮੌਕਾ ਨਹੀਂ ਦਿੱਤਾ। ਉਪਰੋਕਤ ਸਟਾਫ ਦੀ ਹੌਸਲਾ ਅਫਜਾਈ ਦਾ ਮਾਮਲਾ, **ਅੰਤ੍ਰਿੰਗ ਕਮੇਟੀ ਵਿੱਚ ਪ੍ਰਧਾਨ ਸਾਹਿਬ ਦੀ ਆਗਿਆ ਤੇ ਇਕੱਤਰਤਾ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪ੍ਰਵਾਨ ਹੋਇਆ ਕਿ ਹੇਠ ਲਿਖੇ ਸਟਾਫ ਨੂੰ ਹੌਸਲਾ ਅਫਜਾਈ ਵੱਜੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਫੰਡਾਂ ਵਿੱਚੋਂ ਇੱਕ-ਇੱਕ ਲੱਖ ਰੁਪਏ ਸਨਮਾਨ ਵਜੋਂ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-**

01. ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ (ਸਪੁੱਤਰ ਸ੍ਰ. ਕਸ਼ਮੀਰ ਸਿੰਘ)
02. ਭਾਈ ਪ੍ਰੇਮ ਸਿੰਘ ਅਰਦਾਸੀਆ (ਸਪੁੱਤਰ ਸ੍ਰ. ਸੂਰਤ ਸਿੰਘ)
03. ਭਾਈ ਸਾਹਿਬ ਸਿੰਘ ਗ੍ਰੰਥੀ (ਸਪੁੱਤਰ ਸ੍ਰ. ਬਲਦੇਵ ਸਿੰਘ)
04. ਭਾਈ ਸਾਧਾ ਸਿੰਘ ਸੇਵਾਦਾਰ (ਸਪੁੱਤਰ ਸ੍ਰ. ਸੁੱਚਾ ਸਿੰਘ)
05. ਭਾਈ ਸਰਵਣ ਸਿੰਘ ਸੇਵਾਦਾਰ (ਸਪੁੱਤਰ ਸ੍ਰ. ਭੂਰਾ ਸਿੰਘ)
06. ਭਾਈ ਰਣਜੀਤ ਸਿੰਘ ਸੇਵਾਦਾਰ (ਸਪੁੱਤਰ ਸ੍ਰ. ਅਮਰੀਕ ਸਿੰਘ)

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

*********************************************

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23584

ਮਿਤੀ 12-3-2024

ਉਤਾਰਾ:
1. ਮੈਨੇਜਰ ਜੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ।
2. ਆਰ.ਕੇ. ਜੀ (ਟਰੱਸਟ ਮਹਿਕਮਾ), ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 02-03-2024 (19 ਫੱਗਣ ਸੰਮਤ ਨਾਨਕਸ਼ਾਹੀ 555) ਦੇ ਮਤਾ ਨੰਬਰ 288 ਦੀ ਨਕਲ :-**

ਸ. ਧਰਮ ਸਿੰਘ (ਸਪੁੱਤਰ ਸ੍ਰ. ਦੀਵਾਨ ਸਿੰਘ) ਪਿੰਡ ਖਡੂਰ ਸਾਹਿਬ, ਜਿਲ੍ਹਾ ਤਰਨ ਤਾਰਨ ਵੱਲੋਂ ਆਪਣੇ ਦੋ ਬੇਟੇ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਹੋਣ ਕਾਰਨ ਘਰ ਦੀ ਮਾਲੀ ਹਾਲਤ ਕਮਜੋਰ ਹੋਣ ਕਾਰਨ ਸਹਾਇਤਾ ਲੈਣ ਦੀ ਕੀਤੀ ਮੰਗ ਦੇ ਸਬੰਧ ਵਿੱਚ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਮੈਂਬਰ ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਕੀਤੀ ਸਿਫਾਰਸ਼ ਦਾ ਮਾਮਲਾ, **ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਪ੍ਰਧਾਨ ਸਾਹਿਬ ਦੀ ਆਗਿਆ ਤੇ ਇਕੱਤਰਤਾ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਸ.ਧਰਮ ਸਿੰਘ (ਸਪੁੱਤਰ ਸ੍ਰ. ਦੀਵਾਨ ਸਿੰਘ) ਪਿੰਡ ਖਡੂਰ ਸਾਹਿਬ, ਜਿਲ੍ਹਾ ਤਰਨ ਤਾਰਨ ਨੂੰ ਧਰਮ ਅਰਥ ਫੰਡ ਵਿੱਚੋਂ 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

********************************************

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23590

ਮਿਤੀ 19-3-2024

ਉਤਾਰਾ: 1. ਆਰ.ਕੇ. ਜੀ (ਟਰੱਸਟ ਮਹਿਕਮਾ), ਸ਼੍ਰੋਮਣੀ ਗੁ:ਪ੍ਰ:ਕਮੇਟੀ।
-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

੧ੳ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 02-03-2024 (19 ਫੱਗਣ ਸੰਮਤ ਨਾਨਕਸ਼ਾਹੀ 555) ਦੇ ਮਤਾ ਨੰਬਰ 182 ਦੀ ਨਕਲ :-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅੱਜ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਬੀਬੀ ਜਸਵੀਰ ਕੌਰ ਦਾਤੇਵਾਸ ਮੈਂਬਰ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਅਕਾਲ ਚਲਾਣਾ ਕਰ ਜਾਣ ਪੁਰ ਗਹਿਰੇ ਦੁੱਖ ਦਾ ਇਜ਼ਹਾਰ ਕਰਦੀ ਹੈ। ਬੀਬੀ ਜਸਵੀਰ ਕੌਰ ਦਾਤੇਵਾਸ ਚੰਗੇ ਸੁਭਾਅ, ਨੇਕ ਦਿਲ ਅਤੇ ਮਿਲਣਸਾਰ ਸਖਸ਼ੀਅਤ ਦੇ ਮਾਲਕ ਸਨ। ਇਨ੍ਹਾਂ ਨੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਅਤੇ ਗੁਰਦੁਆਰਾ ਪ੍ਰਬੰਧ ਖੇਤਰ ਵਿਚ ਅਹਿਮ ਯੋਗਦਾਨ ਪਾਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅੱਜ ਦੀ ਇਕੱਤਰਤਾ ਬੀਬੀ ਜਸਵੀਰ ਕੌਰ ਦਾਤੇਵਾਸ ਵੱਲੋਂ ਕੀਤੇ ਪੰਥਕ ਕਾਰਜਾਂ ਦੀ ਸ਼ਲਾਘਾ ਕਰਦੀ ਹੋਈ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦੀ ਹੈ ਕਿ ਵਿੱਛੜੀ ਆਤਮਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਸਾਕ-ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 93501 ਮਿਤੀ 6-3-2024

ਉਤਾਰਾ: 1. ਆਰ.ਕੇ. ਜੀ (ਟਰੱਸਟ ਮਹਿਕਮਾ), ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

੧ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 02-03-2024 (19 ਫੱਗਣ ਸੰਮਤ ਨਾਨਕਸ਼ਾਹੀ 555) ਦੇ ਮਤਾ ਨੰਬਰ 200 ਦੀ ਨਕਲ :-**

ਸ. ਨਿਰਮਲ ਸਿੰਘ ਸਪੁੱਤਰ ਸ. ਸੁਖਦੇਵ ਸਿੰਘ ਪਿੰਡ ਖਰਲੀਆ ਤਹਿਸੀਲ ਪੀਲੀ ਬੰਗਾ, ਜਿਲ੍ਹਾ ਹਨੂੰਮਾਨਗੜ੍ਹ (ਰਾਜਸਥਾਨ) ਵੱਲੋਂ ਮੰਗ ਪੁੱਜੀ ਹੈ ਕਿ 2012 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਸੂਰਜ ਮੁਨੀ ਨੂੰ ਦਾਸ ਨੇ ਸੋਧਾ ਲਾਇਆ ਸੀ, ਜਿਸ ਕਰਕੇ ਮੈਨੂੰ ਉਮਰ ਕੈਦ ਦੀ ਸਜਾ ਹੋਈ ਸੀ, ਜਿਸ ਦਾ ਕੇਸ ਹਾਈ ਕੋਰਟ ਜੋਧਪੁਰ (ਰਾਜਸਥਾਨ) ਵਿਖੇ ਚੱਲ ਰਿਹਾ ਹੈ ਜਿਸ ਪੁਰ ਮੇਰਾ ਬਹੁਤ ਖਰਚ ਹੋ ਚੁੱਕਾ ਹੈ। ਮੇਰੇ ਘਰ ਦੀ ਆਰਥਿਕ ਹਾਲਤ ਬਹੁਤ ਕਮਜੋਰ ਹੈ। ਇਸ ਕਰਕੇ ਵੱਧ ਤੋਂ ਵੱਧ ਸਹਾਇਤਾ ਕਰਨ ਦੀ ਕੀਤੀ ਮੰਗ ਦੇ ਸਬੰਧ ਵਿੱਚ ਸ. ਰਜਿੰਦਰ ਸਿੰਘ ਜੀ ਮਹਿਤਾ ਜਨਰਲ ਸਕੱਤਰ ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਸਹਾਇਤਾ ਕਰਨ ਦੀ ਕੀਤੀ ਸਿਫਾਰਸ਼ ਦਾ ਮਾਮਲਾ **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਸ੍ਰ. ਨਿਰਮਲ ਸਿੰਘ (ਸਪੁੱਤਰ ਸ੍ਰ. ਸੁਖਦੇਵ ਸਿੰਘ) ਪਿੰਡ ਖਰਲੀਆ, ਤਹਿਸੀਲ ਪੀਲੀ ਬੰਗਾ, ਜ਼ਿਲ੍ਹਾ ਹਨੂੰਮਾਨਗੜ੍ਹ ਨੂੰ ਧਰਮ ਅਰਥ ਫੰਡ ਵਿਚੋਂ 1,00,000/-ਅੱਖਰੀਂ ਇੱਕ ਲੱਖ ਰੁਪਏ ਕੇਵਲ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23512

ਮਿਤੀ 6-3-2024

ਉਤਾਰਾ: 1. ਆਰ.ਕੇ. ਜੀ (ਟਰੱਸਟ ਮਹਿਕਮਾ), ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 02-03-2024 (19 ਫੱਗਣ ਸੰਮਤ ਨਾਨਕਸ਼ਾਹੀ 555) ਦੇ ਮਤਾ ਨੰਬਰ 205 ਦੀ ਨਕਲ :-**

ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬਹਾਦਰਗੜ੍ਹ (ਪਟਿਆਲਾ) ਦੇ ਪੱਤਰ ਨੰ:6886, ਮਿਤੀ 08-02-2024 ਅਨੁਸਾਰ ਦਫਤਰ ਦੇ ਪੱਤਰ ਨੰ:80230, ਮਿਤੀ 01-01-2024 ਦੀ ਰੌਸ਼ਨੀ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵਲੋਂ ਚਲਾਏ ਜਾ ਰਹੇ ਨਿਸ਼ਚੈ ਪ੍ਰਸਾਸ਼ਕੀ ਸੇਵਾਵਾਂ ਸਿਖਲਾਈ ਕੇਂਦਰ, ਗੁਰਦੁਆਰਾ ਸ੍ਰੀ ਕਲਗੀਧਰ ਨਿਵਾਸ, ਸੈਕਟਰ 27-ਬੀ, ਚੰਡੀਗੜ੍ਹ ਵਿਖੇ ਜੁਡੀਸ਼ੀਅਲ ਅਕੈਡਮੀ ਸ਼ੁਰੂ ਕਰਨ ਲਈ ਪ੍ਰਪੋਜ਼ਲ ਤਿਆਰ ਕਰਨ ਹਿੱਤ ਗਠਿਤ ਸਬ-ਕਮੇਟੀ ਵਲੋਂ ਮਿਤੀ 09-01-2024 ਅਤੇ 16-01-2024 ਨੂੰ ਪੁੱਜੀ ਹੇਠ ਲਿਖੀ ਸਿਫਾਰਸ਼ੀ ਰਿਪੋਰਟ,

1. ਪੀ.ਸੀ.ਐੱਸ. ਜੁਡੀਸ਼ੀਅਲ ਦੀ ਕੋਚਿੰਗ ਲਈ ਸਿੱਖ ਬੱਚਿਆਂ ਲਈ ਅਕੈਡਮੀ ਖੋਲ੍ਹਣ ਅਤੇ ਫਿਲਹਾਲ ਇਹ ਅਕੈਡਮੀ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ) ਵਿਖੇ ਸ਼ੁਰੂ ਕੀਤੀ ਜਾਵੇ।
2. ਪੀ.ਸੀ.ਐੱਸ. ਜੁਡੀਸ਼ੀਅਲ ਦੀ ਕੋਚਿੰਗ ਲਈ Basic Qualification ਐੱਲ.ਐੱਲ.ਬੀ.(ਪ੍ਰੋਫੈਸ਼ਨਲ) ਹੋਣੀ ਜ਼ਰੂਰੀ ਹੈ।
3. ਹਰ ਸਾਲ ਲਗਭਗ 40 ਵਿਦਿਆਰਥੀ ਕੋਚਿੰਗ ਲਈ ਸਿਲੈਕਟ ਕਰਨ ਦੀ ਤਜਵੀਜ਼ ਰੱਖੀ ਗਈ ਹੈ।
4. ਪੀ.ਸੀ.ਐੱਸ. ਜੁਡੀਸ਼ੀਅਲ ਅਕੈਡਮੀ ਲਈ ਪਹਿਲਾ ਸੈਸ਼ਨ 01 ਜੁਲਾਈ-2024 ਤੋਂ ਸ਼ੁਰੂ ਕੀਤਾ ਜਾਵੇ।
5. ਵਿਦਿਆਰਥੀਆਂ ਦੀ ਰਿਹਾਇਸ਼ ਲਈ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ, ਬਹਾਦਰਗੜ੍ਹ (ਪਟਿਆਲਾ) ਵਿਖੇ ਆਰਕੀਟੈਕਟ ਦੀ ਰਾਇ ਅਨੁਸਾਰ ਪਹਿਲੀ ਮੰਜ਼ਿਲ ਤੇ ਹੋਸਟਲ ਦੀ ਉਸਾਰੀ ਕਰਵਾਉਣੀ ਚਾਹੀਦੀ ਹੈ।

**ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਸਬ-ਕਮੇਟੀ ਦੀ ਰਿਪੋਰਟ ਇਨ-ਬਿਨ ਪ੍ਰਵਾਨ ਕੀਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23496

ਮਿਤੀ 5-3-2024

ਉਤਾਰਾ:
1. ਸਕੱਤਰ ਜੀ ( ) ਸ਼੍ਰੋਮਣੀ ਗੁ:ਪ੍ਰ:ਕਮੇਟੀ।
2. ਐਕਸੀਅਨ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 02-03-2024 (19 ਫੱਗਣ ਸੰਮਤ ਨਾਨਕਸ਼ਾਹੀ 555) ਦੇ ਮਤਾ ਨੰਬਰ 238 ਦੀ ਨਕਲ :-**

ਸਬ-ਆਫਿਸ, ਸ਼੍ਰੋਮਣੀ ਗੁ:ਪ੍ਰ:ਕਮੇਟੀ, ਚੰਡੀਗੜ੍ਹ ਦੀ ਪੱਤ੍ਰਿਕਾ ਨੰਬਰ 2166/24 ਮਿਤੀ 27-2-2024 ਅਨੁਸਾਰ ਰਿੱਟ ਪਟੀਸ਼ਨ CRM-M.No. 5621/2024 ਹਰੀ ਸਿੰਘ ਸੇਖੋਂ ਬਨਾਮ ਸਟੇਟ ਆਫ ਪੰਜਾਬ ਅਤੇ ਹੋਰ ਦੇ ਸਬੰਧ ਵਿੱਚ ਜਥੇਦਾਰ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਦੇ ਮਾਮਲੇ ਸਬੰਧੀ ਬੀਬੀ ਗੁਰਮੇਲ ਕੌਰ ਜੀ ਵੱਲੋਂ ਮਾਨਯੋਗ ਹਾਈਕੋਰਟ ਵਿਖੇ ਦਾਇਰ ਕੀਤੀ ਗਈ Habeas Corpus Petition ਦੀ CRWPI of 1993 ਬੀਬੀ ਗੁਰਮੇਲ ਕੌਰ ਬਨਾਮ ਸਵਰਨ ਸਿੰਘ ਅਤੇ ਹੋਰ ਹਾਈ ਕੋਰਟ ਵਿਖੇ ਮਿਤੀ 5-2-2024 ਨੂੰ ਸੁਣਵਾਈ ਲਈ ਲੱਗਾ ਸੀ, ਜਿਸ ਦੀ ਪੈਰਵਾਈ ਸ੍ਰ. ਪੂਰਨ ਸਿੰਘ ਜੀ ਹੁੰਦਲ ਸੀਨੀਅਰ ਐਡਵੋਕੇਟ ਪੈਰਵਾਈ ਕਰ ਰਹੇ ਹਨ, ਜਿਸ ਦੀ ਵਕੀਲ ਸਾਹਿਬ ਵੱਲੋਂ ਫੀਸ 1,10,000/-ਅੱਖਰੀਂ ਇੱਕ ਲੱਖ ਦਸ ਹਜ਼ਾਰ ਰੁਪਏ ਦਾ ਬਿੱਲ ਪੁੱਜਾ ਹੈ। ਅਦਾਇਗੀ ਕਰਨ ਦਾ **ਮਾਮਲਾ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਪ੍ਰਧਾਨ ਸਾਹਿਬ ਦੀ ਆਗਿਆ ਤੇ ਇਕੱਤਰਤਾ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ CRM-M.No. 5621/2024 ਹਰੀ ਸਿੰਘ ਸੇਖੋਂ ਬਨਾਮ ਸਟੇਟ ਆਫ ਪੰਜਾਬ ਅਤੇ ਹੋਰ, ਸਬੰਧੀ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵਿਖੇ ਪੈਰਵਾਈ ਕਰ ਰਹੇ ਸ੍ਰ. ਪੂਰਨ ਸਿੰਘ ਜੀ ਹੁੰਦਲ ਸੀਨੀਅਰ ਐਡਵੋਕੇਟ ਨੂੰ 1,10,000/-ਅੱਖਰੀਂ ਇੱਕ ਲੱਖ ਦਸ ਹਜ਼ਾਰ ਰੁਪਏ ਫੀਸ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

**ਇਹ ਵੀ ਪ੍ਰਵਾਨ ਹੋਇਆ ਕਿ ਕੇਸ ਸਬੰਧੀ ਵਕੀਲ ਦੀ ਫੀਸ ਤੇ ਹੋਰ ਖਰਚਾਂ ਦੀ ਆਗਿਆ ਕਰਨ ਦੇ ਅਧਿਕਾਰ ਪ੍ਰਧਾਨ ਸਾਹਿਬ, ਸ਼੍ਰੋਮਣੀ ਗੁ:ਪ੍ਰ:ਕਮੇਟੀ ਨੂੰ ਦਿੱਤੇ ਜਾਂਦੇ ਹਨ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 93559

ਮਿਤੀ-8-3-2024

ਉਤਾਰਾ:
1. ਐਡੀ:ਸਕੱਤਰ ਜੀ, ਸਬ ਆਫਿਸ, ਸ਼੍ਰੋਮਣੀ ਗੁ:ਪ੍ਰ:ਕਮੇਟੀ, ਚੰਡੀਗੜ੍ਹ।
2. ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।